# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਵਿਕਟਿਮ ਨੋਟੀਫੀਕੇਸ਼ਨ ਬਾਰੇ ਜਾਣਕਾਰੀ

BRITISH COLUMBIA

### ਵਿਕਟਿਮ ਨੋਟੀਫੀਕੇਸ਼ਨ ਕੀ ਹੈ?

ਵਿਕਟਿਮ ਨੋਟੀਫੀਕੇਸ਼ਨ ਉਹ ਜਾਣਕਾਰੀ ਹੈ ਜਿਹੜੀ ਕਥਿਤ ਦੋਸ਼ੀ (ਜਿਸ ਵਿਅਕਤੀ ਨੂੰ ਜੁਰਮ ਲਈ ਚਾਰਜ ਕੀਤਾ ਗਿਆ ਹੈ) ਜਾਂ ਕਸੂਰਵਾਰ (ਜੁਰਮ ਲਈ ਦੋਸ਼ੀ ਸਿੱਧ ਹੋਏ ਵਿਅਕਤੀ) ਬਾਰੇ ਪੀੜਤਾਂ ਨੂੰ ਦਿੱਤੀ ਜਾਂਦੀ ਹੈ। ਜੇ ਕਥਿਤ ਦੋਸ਼ੀ ਜਾਂ ਕਸੂਰਵਾਰ ਦੀ ਨਿਗਰਾਨੀ ਬੀ.ਸੀ. ਕੋਰੈਕਸ਼ਨਜ਼ ਵਲੋਂ ਕੀਤੀ ਜਾ ਰਹੀ ਹੋਵੇ ਤਾਂ ਪੀੜਤਾਂ ਨੂੰ ਜਾਣਕਾਰੀ ਵਿਕਟਿਮ ਸੇਫਟੀ ਯੂਨਿਟ ਦਿੰਦਾ ਹੈ। ਕੁਝ ਜਾਣਕਾਰੀ ਉਨ੍ਹਾਂ ਵਿਅਕਤੀਆਂ ਨੂੰ ਵੀ ਦਿੱਤੀ ਜਾ ਸਕਦੀ ਹੈ ਜਿਹੜੇ ਫੈਮਿਲੀ ਰੀਲੇਸ਼ਨਜ਼ ਐਕਟ ਦੇ ਰਿਸਟਰੇਨਿੰਗ ਆਰਡਰ ਨਾਲ ਸੁਰੱਖਿਅਤ ਰੱਖੇ ਜਾਂਦੇ ਹਨ।

### ਵਿਕਟਿਮ ਸੇਫਟੀ ਯੂਨਿਟ ਨਾਲ ਕੌਣ ਰਜਿਸਟਰ ਹੋ ਸਕਦਾ ਹੈ?

- ਜੁਰਮ ਦੇ ਸ਼ਿਕਾਰ ਲੋਕ ਅਤੇ
- ਫੈਮਿਲੀ ਰੀਲੇਸ਼ਨਜ਼ ਐਕਟ ਦੇ ਰਿਸਟਰੇਨਿੰਗ ਆਰਡਰ ਨਾਲ ਸੁਰੱਖਿਅਤ ਰੱਖੇ ਜਾਣ ਵਾਲੇ ਲੋਕ ਜਿਨ੍ਹਾਂ ਦੀ ਸੇਫਟੀ ਦੇ ਕਾਫੀ ਫਿਕਰ ਹੁੰਦੇ ਹਨ।

ਜੋ ਬੀ.ਸੀ. ਕੋਰੈਕਸ਼ਨਜ਼ ਦੀ ਨਿਗਰਾਨੀ ਹੇਠਲੇ ਦੋਸ਼ ਲੱਗੇ /ਕਸੂਰਵਾਰ ਕਿਸੇ ਬਾਲਗ ਦੇ ਦਰਜੇ ਬਾਰੇ ਲਗਾਤਾਰ ਜਾਣਕਾਰੀ ਲੈਣਾ ਚਾਹੁੰਦੇ ਹਨ।

### ਮੈਨੂੰ ਕਦੋਂ ਰਜਿਸਟਰ ਹੋਣਾ ਚਾਹੀਦਾ ਹੈ?

ਤੁਸੀਂ ਕਿਸੇ ਸਮੇਂ ਵੀ ਰਜਿਸਟਰ ਹੋ ਸਕਦੇ ਹੋ, ਪਰ ਬੀ.ਸੀ. ਕੋਰੈਕਸ਼ਨਜ਼ ਦੇ ਸ਼ਾਮਲ ਹੋਣ 'ਤੇ ਇਹ ਛੇਤੀ ਤੋਂ ਛੇਤੀ ਕਰਨਾ ਬਿਹਤਰ ਹੈ। ਉਦਾਹਰਣ ਲਈ, ਤੁਸੀਂ ਰਜਿਸਟਰ ਹੋ ਸਕਦੇ ਹੋ ਜੇ ਕਥਿਤ ਦੋਸ਼ੀ ਜ਼ਮਾਨਤ 'ਤੇ ਹੈ ਅਤੇ ਉਸ ਨੂੰ ਬੇਲ ਸੁਪਰਵਾਈਜ਼ਰ ਨੂੰ ਰਿਪੋਰਟ ਕਰਨ ਦੀ ਲੋੜ ਹੈ, ਜਾਂ ਜੇ ਕਥਿਤ ਦੋਸ਼ੀ ਨੂੰ ਮੁਕੱਦਮਾ ਸ਼ੁਰੂ ਹੋਣ ਤੱਕ ਜੇਲ੍ਹ ਵਿਚ ਰੱਖਿਆ ਗਿਆ ਹੈ। ਤੁਹਾਨੂੰ ਦੋਸ਼ ਸਿੱਧ ਹੋਣ (ਕਨਵਿਕਸ਼ਨ) ਤੱਕ ਉਡੀਕ ਕਰਨ ਦੀ ਲੋੜ ਨਹੀਂ ਹੈ। ਬੀ.ਸੀ. ਕੋਰੈਕਸ਼ਨਜ਼ ਕਮਿਊਨਟੀ ਵਿਚਲੇ (ਜ਼ਮਾਨਤ, ਪ੍ਰੋਬੇਸ਼ਨ ਉਪਰਲੇ) ਅਤੇ ਹਿਰਾਸਤ (ਜੇਲ੍ਹ) ਵਿਚਲੇ ਬਾਲਗਾਂ ਦੀ ਨਿਗਰਾਨੀ ਕਰਦੀ ਹੈ।

### ਕੀ ਮੇਰੇ ਲਈ ਰਜਿਸਟਰ ਹੋਣਾ ਜ਼ਰੂਰੀ ਹੈ?

ਜੇ ਤੁਸੀਂ ਲਗਾਤਾਰ ਜਾਣਕਾਰੀ ਲੈਣਾ ਚਾਹੁੰਦੇ ਹੋਵੋ ਤਾਂ ਤੁਹਾਡੇ ਲਈ ਵਿਕਟਿਮ ਸੇਫਟੀ ਯੂਨਿਟ ਨਾਲ ਰਜਿਸਟਰ ਹੋਣਾ ਜ਼ਰੂਰੀ ਹੈ। ਨਹੀਂ ਤਾਂ ਤੁਹਾਨੂੰ ਸਾਡੇ ਤੋਂ ਆਪਣੇ ਆਪ ਨਵੀਂ ਜਾਣਕਾਰੀ ਨਹੀਂ ਮਿਲੇਗੀ। ਵਿਕਟਿਮ ਸੇਫਟੀ ਯੂਨਿਟ ਨੂੰ ਫੋਨ ਕਰਨ ਅਤੇ ਕੋਈ ਖਾਸ ਜਾਣਕਾਰੀ ਮੰਗਣ ਲਈ ਤੁਹਾਨੂੰ ਰਜਿਸਟਰ ਹੋਣ ਦੀ ਲੋੜ ਨਹੀਂ ਹੈ।

### ਜੇ ਮੈਂ ਰਜਿਸਟਰ ਹੋਵਾਂ ਤਾਂ ਮੈਨੂੰ ਕਿਹੜੀ ਜਾਣਕਾਰੀ ਮਿਲੇਗੀ?

ਇਹ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਕੀ ਤੁਸੀਂ ਕਿਸੇ ਜੁਰਮ ਤੋਂ ਪੀੜਿਤ ਹੋ ਜਾਂ ਤੁਸੀਂ ਫੈਮਿਲੀ ਰੀਲੇਸ਼ਨਜ਼ ਐਕਟ ਦੇ ਰਿਸਟਰੇਨਿੰਗ ਆਰਡਰ ਹੇਠ ਸੁਰੱਖਿਅਤ ਹੋ। ਵੱਖ ਵੱਖ ਪੱਖ ਇਹ ਫੈਸਲਾ ਕਰਦੇ ਹਨ ਕਿ ਕਿਹੜੀ ਜਾਣਕਾਰੀ ਦਿੱਤੀ ਜਾ ਸਕਦੀ ਹੈ ਅਤੇ ਕਦੋਂ ਦਿੱਤੀ ਜਾ ਸਕਦੀ ਹੈ। ਵਿਕਟਿਮ ਸੇਫਟੀ ਯੂਨਿਟ ਇਸ ਬਾਰੇ ਤੁਹਾਡੇ ਨਾਲ ਵਿਚਾਰ ਕਰੇਗਾ। ਵਿਕਟਿਮਜ਼ ਆਫ ਕਰਾਇਮ ਐਕਟ ਇਹ ਤਹਿ ਕਰਦਾ ਹੈ ਕਿ ਪੀੜਿਤਾਂ ਨੂੰ ਕਿਹੜੀ ਜਾਣਕਾਰੀ ਦਿੱਤੀ ਜਾ ਸਕਦੀ ਹੈ, ਜਿਵੇਂ ਕਿ:

- ਕੀ ਕਥਿਤ ਦੋਸ਼ੀ ਜਾਂ ਕਸੂਰਵਾਰ ਜੇਲ੍ਹ ਵਿਚ ਹੈ
- ਕਥਿਤ ਦੋਸ਼ੀ ਜਾਂ ਕਸੂਰਵਾਰ ਕਦੋਂ ਜੇਲ੍ਹ ਵਿੱਚੋਂ ਬਾਹਰ ਆ ਸਕਦਾ ਹੈ
- ਕਸੂਰਵਾਰ ਦੇ ਪ੍ਰੋਬੇਸ਼ਨ ਅਫਸਰ ਦਾ ਨਾਂ ਅਤੇ ਸਥਾਨ
- ਕੀ ਕਥਿਤ ਦੋਸ਼ੀ ਜਾਂ ਕਸੂਰਵਾਰ ਕਮਿਊਨਟੀ ਵਿਚ ਹੈ ਅਤੇ ਕਥਿਤ ਦੋਸ਼ੀ ਜਾਂ ਕਸੂਰਵਾਰ ਲਈ ਕਿਹੜੀਆਂ ਸ਼ਰਤਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ

ਫੈਮਿਲੀ ਰੀਲੇਸ਼ਨਜ਼ ਐਕਟ ਦੇ ਰਿਸਟਰੇਨਿੰਗ ਆਰਡਰ ਨਾਲ ਸੁਰੱਖਿਅਤ ਵਿਅਕਤੀ ਇਸ ਚੀਜ਼ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ ਕਿ ਕਸੂਰਵਾਰ ਨੂੰ ਕਦੋਂ ਜੇਲ੍ਹ ਤੋਂ ਰਿਹਾ ਕੀਤਾ ਜਾਵੇਗਾ।

### ਮੈਨੂੰ ਜਾਣਕਾਰੀ ਕਿਸ ਤਰ੍ਹਾਂ ਦਿੱਤੀ ਜਾਵੇਗੀ?

ਜਾਣਕਾਰੀ ਤੁਹਾਡੀਆਂ ਹਾਲਤਾਂ ਅਤੇ ਤਰਜੀਹਾਂ ਮੁਤਾਬਕ ਫੋਨ ਰਾਹੀਂ, ਚਿੱਠੀ ਰਾਹੀਂ ਜਾਂ ਈਮੇਲ ਰਾਹੀਂ ਦਿੱਤੀ ਜਾ ਸਕਦੀ ਹੈ। ਜੇ ਤੁਸੀਂ ਚਾਹੋ ਤਾਂ ਤੁਹਾਨੂੰ ਕਿਸੇ ਤੀਜੀ ਧਿਰ ਰਾਹੀਂ ਵੀ ਜਾਣਕਾਰੀ ਦਿੱਤੀ ਜਾ ਸਕਦੀ ਹੈ ਜਿਵੇਂ ਕਿ ਵਿਕਟਿਮ ਸਰਵਿਸ ਵਰਕਰ, ਪਰਿਵਾਰ ਦਾ ਕੋਈ ਮੈਂਬਰ ਜਾਂ ਦੋਸਤ।

### ਘਰੇਲੂ ਹਿੰਸਾ ਦੇ ਕੇਸਾਂ ਬਾਰੇ ਕੀ ਕਹਿਣਾ ਹੈ?

ਬੀ.ਸੀ. ਕੋਰੈਕਸ਼ਨਜ਼ ਲਈ ਘਰੇਲੂ ਹਿੰਸਾ ਦੇ ਪੀੜਿਤਾਂ ਨੂੰ ਜਾਣਕਾਰੀ ਦੇਣਾ ਜ਼ਰੂਰੀ ਹੈ। ਪਰ, ਪੀੜਿਤ ਜੇ ਵਿਕਟਿਮ ਸੇਫਟੀ ਯੂਨਿਟ ਨਾਲ ਰਜਿਸਟਰ ਹੋਣਾ ਚਾਹੁੰਦੇ ਹੋਣ ਤਾਂ ਹੋ ਸਕਦੇ ਹਨ।

### ਜੇ ਕਸੂਰਵਾਰ ਫੈਡਰਲ ਕਸਟੱਡੀ ਵਿਚ ਹੋਵੇ ਤਾਂ ਕੀ ਹੋਵੇਗਾ (ਦੋ ਸਾਲ ਜਾਂ ਜ਼ਿਆਦਾ ਸਮੇਂ ਦੀ ਸਜ਼ਾ ਲਈ)?

ਕੋਰੈਕਸ਼ਨਲ ਸਰਵਿਸ ਕੈਨੇਡਾ ਨੂੰ 1-866-806-2275 'ਤੇ ਮੁਫਤ ਜਾਂ ਪੈਰੋਲ ਬੋਰਡ ਆਫ ਕੈਨੇਡਾ ਨੂੰ 1-866-789-4636 'ਤੇ ਮੁਫਤ ਫੋਨ ਕਰੋ।

### ਮੈਂ ਵਿਕਟਿਮ ਸੇਫਟੀ ਯੂਨਿਟ ਨਾਲ ਰਜਿਸਟਰ ਕਿਵੇਂ ਹੋਣਾ ਹੈ?

ਇਸ ਜਾਣਕਾਰੀ ਸ਼ੀਟ ਦੇ ਸਫਾ ਦੋ ਉੱਪਰ (ਔਨਲਾਈਨ ਵੀ ਉਪਲਬਧ ਹੈ) ਦਿੱਤਾ ਗਿਆ ਅਰਜ਼ੀ ਫਾਰਮ ਭਰੋ। ਦਸਖਤ ਕੀਤਾ ਫਾਰਮ ਵਿਕਟਿਮ ਸੇਫਟੀ ਯੂਨਿਟ ਨੂੰ ਡਾਕ, ਫੈਕਸ ਰਾਹੀਂ ਜਾਂ ਸਕੈਨ ਕਰੋ ਅਤੇ ਈਮੇਲ ਰਾਹੀਂ ਭੇਜੋ (ਸੰਪਰਕ ਕਰਨ ਬਾਰੇ ਵੇਰਵੇ ਹੇਠਾਂ ਦੇਖੋ)। ਫਾਰਮ ਨੂੰ ਭਰਨ ਵਿਚ ਮਦਦ ਤੁਸੀਂ ਆਪਣੇ ਲੋਕਲ ਵਿਕਟਿਮ ਸਰਵਿਸਿਜ਼ ਜਾਂ ਵਿਕਟਿਮ ਸੇਫਟੀ ਯੂਨਿਟ ਰਾਹੀਂ ਲੈ ਸਕਦੇ ਹੋ। ਤੁਸੀਂ ਫੋਨ 'ਤੇ ਰਜਿਸਟਰ ਹੋਣ ਲਈ ਵਿਕਟਿਮ ਸੇਫਟੀ ਯੂਨਿਟ ਨੂੰ ਵੀ ਫੋਨ ਕਰ ਸਕਦੇ ਹੋ।

**ਸਵਾਲ? ਰਜਿਸਟਰੇਸ਼ਨ? ਵਿਕਟਿਮ ਸੇਫਟੀ ਯੂਨਿਟ ਨਾਲ ਸੰਪਰਕ ਕਰੋ**

ਮੈਟਰੋ ਵੈਨਕੂਵਰ ਵਿਚ (604) 660-0316 'ਤੇ ਜਾਂ ਦੂਰੋਂ 1-877-315-8822 'ਤੇ ਮੁਫਤ ਫੋਨ ਕਰੋ
302 – 815 Hornby Street, Vancouver, B.C., V6Z 2E6
ਫੈਕਸ: (604) 660-0335
ਈਮੇਲ: vsusg@gov.bc.ca



BRITISH COLUMBIA

# Victim Safety Unit Notification Application Form

Please complete and sign this form if you are a victim of crime, or a party named on a protection order (e.g., bail, probation, or family restraining order). You can register with the Victim Safety Unit for on-going notification regarding an accused/offender or respondent who is being supervised by BC Corrections, either in custody (jail) or community (bail or probation).

**VICTIM INFORMATION:**

Name of Victim/Protected Party: ________________________ Victim Date of Birth (YY-MM-DD): __________

**CASE INFORMATION:**

Court File Number:________________Location: ________________ ☐ Criminal ☐ Family

Accused/Offender/Respondent: ________________________ Date of Birth (YY-MM-DD): __________

**CONTACT INFORMATION:**

Name of person to receive notification (if different from victim): ________________________

Contact person is: ☐ Victim ☐ Parent/Guardian ☐ Family Member ☐ Victim Service Worker ☐ Other __________

Mailing Address (Apt., Street, PO Box): ________________________

City/Town, Province, Postal Code ________________________

Home Phone: ____________ ☐ Detailed Msg OK Celluar Phone ____________ ☐ Detailed Msg OK

Email address: ________________________ ☐ OK to send detailed information (names, dates, ect.)

If the offender enters federal custody or applies for parole you will need to register with the Correctional Service of Canada (CSC) or the Parole Board of Canada (PBC) for notification. Tick the box below and the Victim Safety Unit will forward this form to CSC/PBC at the time of sentence or parole application and they will determine your eligibility for federal registration.

☐ If the offender applies for parole or is transferred to federal custody, I want to register with CSC/PBC for victim notification. By checking this box, I give permission to the Victim Safety Unit to forward this form to CSC/PBC on my behalf.

If the offender is currently in federal custody or eligible for parole, please contact: CSC at 1-866-806-2275 or PBC at 1-866-789-INFO (4636).

I am the victim named in this form, or the parent/guardian/legal representative of the named victim. I am requesting notification about the accused/offender/respondent. By signing this Application Form, I give permission (where applicable) to the Victim Safety Unit to release information to the Contact Person that I have named above.

Signature: ________________________ Date: ________________________

Mail, fax or email the signed and completed registration form to:

Victim Safety Unit

Victim Services and Crime Prevention Division, Ministry of Justice

#302-815 Hornby Street, Vancouver, BC V6Z 2E6

Fax: 604-660-0335, Email: vsusg@gov.bc.ca

If you have questions or need help completing the form please call us at:

604-660-0316 or toll free 1-877-315-8822